# ਖੋਜ ਸ਼ਬਦ

(ਖੋਜ-ਪੁਸਤਕ ਲੜੀ)

*ਅੰਕ-1*

# ਪੰਜਾਬੀ ਸਾਹਿਤ ਵਿੱਚ ਪੰਜਾਬੀਅਤ ਦਾ ਸੰਕਲਪ


ਸੰਪਾਦਕ

ਡਾ. ਅਮਰਜੀਤ ਸਿੰਘ

ਡਾ. ਧਰਮਿੰਦਰ ਸਿੰਘ

ਸਰਵਰਿੰਦਰ ਸਿੰਘ



ਪਬਲੀਕੇਸ਼ਨ ਬਿਊਰੋ

ਜਗਤ ਗੁਰੂ ਨਾਨਕ ਦੇਵ

ਪੰਜਾਬ ਸਟੇਟ ਓਪਨ ਯੂਨੀਵਰਸਿਟੀ,ਪਟਿਆਲਾ

# KHOJ SHABAD

**(Research Book Series)**

***Vol. 1***

## PUNJABI SAHIT VICH PUNJABIAT DA SANKALP *(PUNJABI)*

**Patron:**
**Prof. (Dr.) Karamjeet Singh**
**Vice-Chancellor**
**Jagat Guru Nanak Dev**
**Punjab State Open University, Patiala**

**Editors:**
**Dr. Amarjit Singh**
**Dr. Dhaminder Singh**
**Mr. Sarvarinder Singh**

**ISBN: 978-81-958756-9-6**

**Incharge Publication**
**(Editing & Design)**
**Dr. Jagjit Singh**

**2024**
**Price: 500/-**

**Published by Prof. (Dr.) Baljit Singh Khehra, Registrar, Jagat Guru Nanak Dev Punjab State Open University, Patiala**

**© Jagat Guru Nanak Dev Punjab State Open University, Patiala**
**Adress : Transit Campus, C/28, The Lower Mall, Patiala, Punjab-147001**

# ਤਤਕਰਾ


ਦੋ ਸ਼ਬਦ — ਪ੍ਰੋ. (ਡਾ.) ਕਰਮਜੀਤ ਸਿੰਘ
(ਵਾਈਸ-ਚਾਂਸਲਰ)

ਸੰਪਾਦਕੀ — ਡਾ. ਅਮਰਜੀਤ ਸਿੰਘ

- ਸ਼ਬਦ ਕੋਸ਼ ਦੇ ਬੂਹੇ ਤੇ 10
  - ਸੁਰਜੀਤ ਪਾਤਰ
- ਪੰਜਾਬੀਅਤ, ਪੰਜਾਬ ਦੀ ਬੌਧਿਕਤਾ ਤੇ ਪਰਵਾਸ 17
  - ਅਮਰਜੀਤ ਗਰੇਵਾਲ
- ਪੰਜਾਬੀ ਸਾਹਿਤ ਵਿੱਚ ਪੰਜਾਬੀਅਤ ਦਾ ਸੰਕਲਪ 24
  - ਅਮਨਦੀਪ ਕੌਰ
- ਬਟਵਾਰੇ ਨਾਲ ਹੋਇਆ ਪੰਜਾਬੀਅਤ ਦਾ ਉਜਾੜਾ 43
  - ਹਰਪਾਲ ਸਿੰਘ ਔਜਲਾ
- ਪੰਜਾਬੀਅਤ ਦਾ ਸਭਿਆਚਾਰਕ ਹਮਲ ਫਰੀਦਾ ਖਾਕ ਨਾ ਨਿੰਦੀਐ 49
  - ਈਸ਼ਵਰ ਦਿਆਲ ਗੌੜ
- ਪੰਜਾਬੀਅਤ ਦੀ ਇਤਿਹਾਸਕਤਾ ਤੇ ਜੱਟ ਸੱਭਿਆਚਾਰ 51
  - ਤਸਕੀਨ
- ਪੰਜਾਬੀਅਤ ਵਿਚ ਗ਼ਦਰ ਲਹਿਰ ਦੀ ਜਾਗ੍ਰਿਤ ਹੋਂਦ 69
  - ਗੁਰਦੇਵ ਸਿੰਘ ਸਿੱਧੂ
- ਪੰਜਾਬੀਅਤ, ਅੰਮ੍ਰਿਤਸਰ ਵਾਲਾ ਬਰਾੜ 'ਬਾਬਾ' ਤੇ ਸਾਈਂ ਮੀਆਂ ਮੀਰ 73
  - ਗੁਰਦਿਆਲ ਸਿੰਘ ਬੱਲ
- ਪੰਜਾਬੀਅਤ ਸਬੰਧੀ ਕੁਝ ਸਵਾਲ 100
  'ਮੈਂ ਮਰੀਅਮ ਹੁੰਦੀ, ਆਪਣਾ ਪੁੱਤ ਆਪੇ ਜੰਮ ਲੈਂਦੀ'
  (ਮੁਲਾਕਾਤੀ : ਅਜਮੇਰ ਸਿੱਧੂ)
  - ਅਫ਼ਜ਼ਲ ਤੌਸੀਫ਼
- ਪੰਜਾਬੀਅਤ ਅਤੇ ਸਭਿਆਚਾਰਕ ਹੋਮਲੈਂਡ 107
  - ਫ਼ਾਤਿਮਾ ਭੁੱਟੋ
- ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਨਕਸ਼ 109
  - ਸਵਰਾਜਬੀਰ
- ਪੰਜਾਬੀਅਤ ਅਤੇ ਤਖ਼ਤ ਲਾਹੌਰ 114
  - ਨਜਮ ਹੁਸੈਨ ਸੱਯਦ

- ਨਜਮ ਹੁਸੈਨ ਸੱਯਦ ਦੇ ਨਾਂ 121
  - ਅਮਰਜੀਤ ਚੰਦਨ
- ਪੰਜਾਬ-ਪੁਨਰ ਵਿਚਾਰ: ਇਤਿਹਾਸ, ਸੱਭਿਆਚਾਰ ਅਤੇ ਅਭਿਆਸ 122
  - ਯੋਗੇਸ਼ ਸਨੇਹੀ
- ਪੰਜਾਬੀਅਤ : ਲਾਹੌਰ ਦੀ ਕਲਪਨਾ ਕਰੋ 126
  - ਹਾਰੂਨ ਖ਼ਾਲਿਦ
- ਪੰਜਾਬੀਅਤ ਤੇ ਪੰਜਾਬੀ ਦੀ ਰਹਿਤਲ 130
  - ਅਮਰਜੀਤ ਚੰਦਨ
- ਪੰਜਾਬ, ਪੰਜਾਬੀ, ਪੰਜਾਬੀਅਤ 136
  - ਪ੍ਰੋ. ਪ੍ਰੀਤਮ ਸਿੰਘ
- ਖਾਲਸਾ ਪੰਥ ਦੀ ਸਾਜਨਾ ਤੇ ਪੰਜਾਬੀਅਤ 142
  - ਗੁਰਬਚਨ
- ਭਾਰਤੀ ਪ੍ਰਸੰਗ ਵਿਚ ਪੰਜਾਬੀਅਤ : ਪਛਾਣ ਅਤੇ ਭਵਿੱਖ 147
  - ਡਾ. ਸਰਬਜੀਤ ਸਿੰਘ
- ਪੰਜਾਬੀਅਤ :ਪੂਰਵ ਅਧਿਐਨ ਦ੍ਰਿਸ਼ਟੀ ਦਾ ਸਿਧਾਂਤਕ ਪਰਿਪੇਖ 160
  - ਡਾ. ਦਵਿੰਦਰ ਸਿੰਘ
- ਪੰਜਾਬੀਅਤ ਅਤੇ ਹੀਰ ਦੀ ਹਸਤੀ 174
  - ਸ਼ਫ਼ਕਤ ਤਨਵੀਰ ਮਿਰਜ਼ਾ
- ਪੰਜਾਬੀਅਤ ਰਾਹੀਂ ਹੀਰ ਵਾਰਿਸ ਦੀ ਵਾਰਤਾ 183
  - ਸੁਮੇਲ ਸਿੰਘ ਸਿੱਧੂ
- ਪੰਜਾਬੀਅਤ,ਹੀਰ ਵਾਰਿਸ ਸ਼ਾਹ ਅਹਿਦ ਤੇ ਨਿਸਵਾਨੀ ਕਿਰਦਾਰ 192
  - ਡਾ. ਰਾਹੀਲਾ ਅੰਬਰੀਨ
- ਪੰਜਾਬੀਅਤ ਦੇ ਅਹਿਸਾਸ ਵਿਚ ਅਨੁਭਵ ਅਤੇ ਸਾਹਿਤ 198
  - ਬਲਬੀਰ ਮਾਧੋਪੁਰੀ
- ਜਸਵੰਤ ਸਿੰਘ ਕੰਵਲ ਦੀ ਵਾਰਤਕ : ਪੰਜਾਬ ਅਤੇ ਪੰਜਾਬੀਅਤ ਦਾ ਫਿਕਰ 207
  - ਡਾ. ਧਰਮਿੰਦਰ ਸਿੰਘ
- ਪੰਜਾਬੀਅਤ ਦਾ ਸੰਕਲਪ (ਫ਼ਰਿਜ਼ਦੀਨ ਸ਼ਰਫ ਦੇ ਕਾਵਿ ਦੇ ਵਿਸ਼ੇਸ਼ ਸੰਦਰਭ ਵਿੱਚ) 214
  - ਡਾ. ਸਰਵਰਿੰਦਰ ਸਿੰਘ
- ਪੰਜਾਬੀਅਤ, ਪੰਜਾਬੀ ਪਛਾਣ ਦੀ ਸਿਰਜਨਾ ਤੇ ਸੰਵਾਦ 223
  - ਡਾ. ਹਰਜੀਤ ਸਿੰਘ

- ਵੰਡ ਤੋਂ ਪਹਿਲਾਂ: ਆਪਸੀ ਰਿਸ਼ਤਿਆਂ ਦੀ ਵਿਆਕਰਣ 238
  - ਸੋਮ ਆਨੰਦ
- ਪੰਜਾਬੀਅਤ ਅਤੇ 1947 ਦ ਅਭਿਆਸ 241
  - ਤਾਰਿਕ ਗੁੱਜਰ
- ਪੰਜਾਬ ਅੰਦਰ ਕੌਮੀਅਤ ਦਾ ਸੁਆਲ 243
  - ਕਰਮ ਬਰਸਟ
- ਪੰਜਾਬੀ ਸਾਹਿਤ ਅਤੇ ਪੰਜਾਬੀਅਤ 263
  - ਡਾ. ਜਗਜੀਤ ਸਿੰਘ
- ਗੁਰਬਚਨ ਦੀ ਵਾਰਤਕ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਬਾਬਤ ਚਿੰਤਨ 270
  - ਗੁਰਦੀਪ ਸਿੰਘ
- ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿੱਚ ਪੰਜਾਬ ਪਿਆਰ ਅਤੇ ਪੰਜਾਬੀਅਤ 278
  - ਅੰਮ੍ਰਿਤਪਾਲ ਸਿੰਘ ਬੁੱਟਰ
- ਪੰਜਾਬੀ ਭਾਸ਼ਾ, ਸੁਹਜ ਅਤੇ ਪੰਜਾਬੀਅਤ 283
  - ਡਾ. ਰਜਿੰਦਰ ਕੌਰ
- ਪੰਜਾਬੀਅਤ ਵਿਚਲੇ ਅੰਤਰ-ਵਿਰੋਧਾਂ ਦਾ ਕਾਵਿ-ਪ੍ਰਵਚਨ : ਨਾਬਰਾਂ ਦੀ ਇਬਾਰਤ 287
  - ਡਾ. ਹਰਜਿੰਦਰ ਸਿੰਘ
- ਪੰਜਾਬੀਅਤ ਦੀ ਰੂਹ : ਸਾਂਝਾ ਪਰਿਵਾਰ 298
  - ਸਤੀਸ਼ 'ਵਿਦਰੋਹੀ' ਪੰਜੋਲਾ
- ਸ਼ਬਦ-ਯੋਗ 301
  - ਭਾਸ਼ੋ

# ਪੰਜਾਬੀਅਤ ਵਿਚਲੇ ਅੰਤਰ–ਵਿਰੋਧਾਂ ਦਾ ਕਾਵਿ–ਪ੍ਰਵਚਨ : ਨਾਬਰਾਂ ਦੀ ਇਬਾਰਤ

**ਡਾ. ਹਰਜਿੰਦਰ ਸਿੰਘ***

'ਨਾਬਰਾਂ ਦੀ ਇਬਾਰਤ' ਮਦਨ ਵੀਰਾ ਦੀ ਬਹੁ-ਪਰਤੀ ਤੇ ਬਹੁ-ਪਾਸਾਰੀ ਕਾਵਿ-ਪੁਸਤਕ ਹੈ। ਮਦਨ ਵੀਰਾ ਪੰਜਾਬੀ ਕਾਵਿ-ਜਗਤ ਦਾ ਉਹ ਸਮਰੱਥ ਹਸਤਾਖ਼ਰ ਹੈ ਜੋ ਆਪਣੀ ਕਵਿਤਾ ਦੀ ਕਟਾਖਸ਼ੀ ਸੁਰ ਅਤੇ ਵਿਚਾਰਧਾਰਕ ਦ੍ਰਿਸ਼ਟੀ ਸਦਕਾ ਆਪਣੀ ਵਿਲੱਖਣ ਪਛਾਣ ਬਣਾਉਂਦਾ ਹੈ। ਉਸ ਦੀ ਕਵਿਤਾ ਵਿਚ ਪੰਜਾਬੀਅਤ ਨੂੰ ਪ੍ਰਤਿਬਿੰਬਤ ਕਰਨ ਵਾਲਾ ਸਭਿਆਚਾਰਕ ਚਿੰਨ੍ਹ-ਪ੍ਰਬੰਧ ਨਾ ਨਿਰੋਲ ਭਾਵੁਕ ਦ੍ਰਿਸ਼ਟੀ ਤੋਂ ਪੇਸ਼ ਹੋਇਆ ਹੈ ਅਤੇ ਨਾ ਇਸ ਦਾ ਮਹਿਜ ਗੁਣਗਾਣ ਹੋਇਆ ਮਿਲਦਾ ਹੈ। ਇਹ ਕਵਿਤਾ ਪੰਜਾਬੀਅਤ ਨੂੰ ਅੰਦਰੋਂ ਖੋਰਾ ਲਾ ਰਹੇ ਕਾਰਕਾਂ ਅਤੇ ਵਰਤਾਰਿਆਂ ਨੂੰ ਨਾ-ਕੇਵਲ ਕਟਾਖ਼ਸ਼ੀ ਸੁਰ ਵਿਚ ਸੰਬੋਧਤ ਹੁੰਦੀ ਹੈ ਸਗੋਂ ਬਹੁਤ ਸਾਰੇ ਪ੍ਰਸ਼ਨ ਵੀ ਖੜ੍ਹੇ ਕਰਦੀ ਹੈ। 'ਨਾਬਰਾਂ ਦੀ ਇਬਾਰਤ' ਕਾਵਿ-ਪੁਸਤਕ ਇਸੇ ਦ੍ਰਿਸ਼ਟੀ ਤੋਂ ਇੱਕ ਅਗਰਗਾਮੀ ਯਤਨ ਹੈ, ਜੋ ਪੰਜਾਬੀਅਤ ਨੂੰ ਦਿਨੋ-ਦਿਨ ਅੰਦਰੋਂ ਖੋਖਲਾ ਕਰ ਰਹੇ ਅੰਤਰ-ਵਿਰੋਧਾਂ ਦੀ ਨਾ-ਕੇਵਲ ਨਿਸ਼ਾਨਦੇਹੀ ਕਰਦੀ ਹੈ ਸਗੋਂ ਇਨ੍ਹਾਂ ਅੰਤਰ-ਵਿਰੋਧਾਂ ਨੂੰ ਪੈਦਾ ਕਰਨ ਵਾਲੀਆਂ ਧਿਰਾਂ ਪ੍ਰਤੀ ਨਾਬਰੀ ਦੇ ਸੁਰ ਵਿਚ ਪ੍ਰਤਿਰੋਧ ਵੀ ਸਿਰਜਦੀ ਹੈ।

'ਨਾਬਰਾਂ ਦੀ ਇਬਾਰਤ' ਕਾਵਿ-ਪੁਸਤਕ ਦੇ ਹਵਾਲੇ ਨਾਲ ਪੰਜਾਬੀਅਤ ਵਿਚਲੇ ਅੰਤਰ-ਵਿਰੋਧਾਂ 'ਤੇ ਵਿਚਾਰ ਕਰਨ ਤੋਂ ਪਹਿਲਾਂ ਪੰਜਾਬੀਅਤ ਦੇ ਸੰਕਲਪ ਅਤੇ ਇਸ ਨੂੰ ਸਿਰਜਣ ਵਾਲੇ ਚਿਨ੍ਹਾਂ, ਪ੍ਰਤੀਕਾਂ ਤੇ ਵਰਤਾਰਿਆਂ ਦੀ ਨਿਸ਼ਾਨਦੇਹੀ ਕਰਨੀ ਲਾਜ਼ਮੀ ਬਣਦੀ ਹੈ। ਜੇ ਪੰਜਾਬੀਅਤ ਦੇ ਸੰਕਲਪ ਬਾਰੇ ਵਿਚਾਰ ਕਰੀਏ ਤਾਂ ਪੰਜਾਬੀਅਤ ਅਜਿਹੀ ਵਿਸ਼ੇਸ਼ ਮਾਨਸਿਕਤਾ ਅਤੇ ਜੀਵਨ-ਜਾਚ ਵਜੋਂ ਦ੍ਰਿਸ਼ਟੀਗੋਚਰ ਹੁੰਦੀ ਹੈ ਜਿਸ ਨੂੰ ਲਗਾਤਾਰ ਬਣਦੀਆਂ ਤੇ ਬਦਲਦੀਆਂ ਰਹੀਆਂ ਰਾਜਸੀ, ਧਾਰਮਿਕ, ਸਮਾਜਿਕ, ਭੂਗੋਲਿਕ ਤੇ ਪ੍ਰਕਿਰਤਕ ਹਾਲਤਾਂ ਨੇ ਸਿਰਜਿਆ ਹੈ। ਡਾ. ਧਨਵੰਤ ਕੌਰ ਦੇ ਸ਼ਬਦਾਂ ਵਿਚ ਪੰਜਾਬੀਅਤ ਤੋਂ ਸਾਡਾ ਭਾਵ ਪੰਜਾਬੀ ਜੁੱਸੇ ਅਤੇ ਰੂਹ ਦੀ ਤਾਸੀਰ ਤੋਂ ਹੈ, ਉਹ ਜੁੱਸਾ ਜੋ ਇੱਥੋਂ ਦੇ ਦਿਲਕਸ਼ ਪੌਣ-ਪਾਣੀ ਤੇ ਵੰਗਾਰਾਂ ਭਰਪੂਰ ਹੋਣੀਆਂ ਵਿਚੋਂ ਉਸਰਿਆ ਹੈ, ਉਹ ਜੁੱਸਾ ਜਿਸ ਨੇ ਧਾੜਵੀਆਂ ਨੂੰ ਰੋਕਿਆ ਹੈ। ਬੁਜ਼ਦਿਲਾਨਾ ਲੰਮੇ ਜੀਵਨ ਦੀ ਅਕਾਂਖਿਆ ਕਰਨ ਦੀ ਬਜਾਏ ਅਣਖ ਭਰਪੂਰ ਥੋੜੇ ਜੀਵਨ ਦੀ ਕਾਮਨਾ ਕੀਤੀ ਹੈ। ਪੰਜਾਬ ਯੁੱਧ ਭੂਮੀ ਰਹਿਣ ਕਰਕੇ ਪੰਜਾਬੀ ਸੁਭਾਅ ਵਿਚ ਸੂਰਬੀਰਤਾ,

* ਪੰਜਾਬੀ ਅਤੇ ਡੋਗਰੀ ਵਿਭਾਗ, ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ।

ਦਲੇਰੀ, ਲੜਾਕਾਪਣ ਅਤੇ ਜੋਸ਼ੀਲਾਪਣ ਹੈ। ਕਿਸੇ ਦੀ ਟੈਂਅ ਨਾ ਮੰਨਣ ਦੀ ਇਹ ਪੰਜਾਬੀ ਪ੍ਰਵਿਰਤੀ ਪੰਜਾਬੀਆਂ ਦਾ ਅਸਤਿਤਵਮੂਲਕ ਪਾਸਾਰ ਹੈ। ਪੰਜਾਬੀਅਤ ਕਿਰਤ ਕਰਨ ਤੇ ਕਿਰਤ 'ਤੇ ਆਪਣਾ ਹੱਕ ਜਤਲਾਉਣ ਤੇ ਖੁੱਲ੍ਹ ਕੇ ਜੀਵਨ ਮਾਨਣ ਦਾ ਨਾਂ ਹੈ। ਪੰਜਾਬੀਅਤ ਕੰਜੂਸੀ ਦਾ ਨਾਂ ਨਹੀਂ, ਖੁੱਲ੍ਹ ਦਾ ਨਾਂ ਹੈ। ਖੁਲਾਸਾਪਣ ਪੰਜਾਬੀਅਤ ਦਾ ਮੀਰੀ ਗੁਣ ਹੈ ਜਿਸ 'ਤੇ ਸਾਰੀ ਦੁਨੀਆਂ ਰਸ਼ਕ ਕਰਦੀ ਹੈ। ਵਿਹਾਰੀ ਲਚਕੀਲਾਪਣ ਤੇ ਰੂਹਾਨੀ ਪਾਕੀਜ਼ਗੀ ਪੰਜਾਬੀਅਤ ਦੀ ਤਾਸੀਰ ਹੈ।[1] ਇਉਂ ਪੰਜਾਬੀਅਤ ਸਦੀਆਂ ਦੀ ਇਤਿਹਾਸਕ ਤੇ ਪ੍ਰਕਿਰਤਕ ਉਥਲ-ਪੁਥਲ ਦੌਰਾਨ ਉਸਰਦੀ-ਢਹਿੰਦੀ ਤੇ ਮੁੜ ਉਸਰਦੀ ਰਹੀ ਅਜਿਹੀ ਪੰਜਾਬੀ ਮਾਨਸਿਕਤਾ ਅਤੇ ਜੀਵਨ-ਜਾਚ ਹੈ ਜਿਸ ਨੂੰ ਪੰਜਾਬ ਦੀਆਂ ਭੂਗੋਲਿਕ ਸਥਿੱਤੀਆਂ/ਪਰਿਸਥਿੱਤੀਆਂ ਨੇ ਜਿੱਥੇ ਅਨੇਕ ਪਾਸਾਰ ਦਿੱਤੇ ਹਨ ਉੱਥੇ ਦਸ ਗੁਰੂ ਪਰੰਪਰਾ ਨੇ ਪੰਜਾਬੀਅਤ ਨੂੰ ਰੂਹਾਨੀ ਤਾਸੀਰ ਦੇਣ ਦੇ ਨਾਲ-ਨਾਲ ਨਵੀਂ ਤੇ ਨਿੱਗਰ ਦ੍ਰਿਸ਼ਟੀ ਵੀ ਪ੍ਰਦਾਨ ਕੀਤੀ ਹੈ। ਡਾ. ਦਰਸ਼ਨ ਸਿੰਘ ਦੀ ਧਾਰਨਾ ਹੈ ਕਿ ਪੰਜਾਬ ਵਿਚ ਸਿੱਖ ਗੁਰੂਆਂ ਦੀ ਆਮਦ ਨੇ ਪੰਜਾਬੀਅਤ ਦੀ ਪਛਾਣ ਨੂੰ ਸਪੱਸ਼ਟ ਕੀਤਾ ਹੈ। ਸਿੱਖ ਗੁਰੂ ਸਹਿਬਾਨ ਦੇ ਸਿਧਾਂਤਕ ਆਧਾਰ ਮੋਟੇ ਤੌਰ 'ਤੇ ਬਾਕੀ ਭਾਰਤ ਦੇ ਸਿਧਾਂਤਕ ਆਧਾਰਾਂ ਵਾਲੇ ਹੀ ਹਨ ਪਰ ਇਸ ਸਮਾਨਤਾ ਦੇ ਬਾਵਜੂਦ ਗੁਰੂ ਨਾਨਕ ਦੇਵ ਜੀ ਨੇ ਇਸ ਸਥਿਤੀ ਨਾਲ ਸਮਝੌਤਾ ਨਹੀਂ ਕੀਤਾ। ਭਾਰਤੀ ਸੰਸਕ੍ਰਿਤੀ ਸਿਧਾਂਤਕ ਪ੍ਰਾਪਤੀਆਂ ਦੇ ਪੱਖੋਂ ਮਹਾਨ ਹੈ। ਇਸ ਦਾ ਕੋਈ ਮੁਕਾਬਲਾ ਨਹੀਂ ਪਰ ਇਸ ਦਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਜਿੱਥੇ ਇਹ ਸਿਧਾਂਤਕ ਹਲਕਿਆਂ ਵਿਚ ਮਹਾਨ ਹੈ ਉੱਥੇ ਇਹ ਅਮਲ ਦੀ ਦੁਨੀਆਂ ਵਿਚ ਬਹੁਤ ਹੀ ਅਰਥਹੀਣ ਹੈ। ਕਹਿਣ ਦਾ ਭਾਵ ਹੈ ਕਿ ਇਥੇ ਸਿਧਾਂਤ ਅਤੇ ਅਮਲ ਇੱਕ ਦੂਜੇ ਤੋਂ ਕੋਹਾਂ ਦੂਰ ਰਹੇ ਹਨ। ਗੁਰੂ ਨਾਨਕ ਸਾਹਿਬ ਨੇ ਸਭ ਤੋਂ ਪਹਿਲਾਂ ਇਸੇ ਦੋ-ਫਾੜ ਨੂੰ ਮਿਟਾਣਾ ਚਾਹਿਆ। ਇਸੇ ਕਰਕੇ ਉਨ੍ਹਾਂ ਨੇ ਵਿਚਾਰ ਦੀ ਬੁਲੰਦੀ ਨੂੰ ਅਮਲ ਦੀ ਦੁਨੀਆਂ ਤੋਂ ਛੋਟਾ ਦੱਸਿਆ। ਅਮਲ ਨੂੰ ਰੱਬ ਨਾਲੋਂ ਵੀ ਮਹਾਨਤਾ ਦਿੱਤੀ। ਗੁਰੂ ਨਾਨਕ ਸਾਹਿਬ ਦਾ ਸਾਰਾ ਸੰਘਰਸ਼ ਅਸਲ ਵਿਚ ਅਮਲ ਲਈ ਸੰਘਰਸ਼ ਹੈ। ਇਹ ਗੱਲ ਕਹਿਣੀ ਸ਼ਾਇਦ ਅਸੁਖਾਵੀਂ ਹੋਵੇ ਪਰ ਲਗਦਾ ਇਹ ਸੱਚ ਹੈ ਕਿ ਪੰਜਾਬ ਅਤੇ ਪੰਜਾਬੀਅਤ ਦੀ ਪਛਾਣ ਗੁਰੂ ਨਾਨਕ ਦੇਵ ਦੇ ਘਰ ਨਾਲ ਜੁੜੀ ਹੋਈ ਹੈ।[2] ਇਉਂ ਗੁਰੂ ਸਾਹਿਬਾਨ ਦੀ ਅਧਿਆਤਮਕ ਪ੍ਰਤਿਭਾ ਅਤੇ ਦੂਰ ਦ੍ਰਿਸ਼ਟੀ ਦਾ ਹੀ ਪ੍ਰਤਾਪ ਹੈ ਕਿ ਸਾਰੀ ਮਨੁੱਖਤਾ ਨੂੰ ਸਾਂਝੇ ਸੂਤਰ ਵਿਚ ਪ੍ਰੋਣ ਵਾਲੇ ਮਹਾਨ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਰਚਨਾ ਸੰਭਵ ਹੋ ਸਕੀ ਹੈ। ਅਸਲ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਮਨੁੱਖਤਾ ਦੇ ਕਲਿਆਣ ਲਈ ਪ੍ਰਸਤੁਤ ਕੀਤੇ ਗਏ ਸੂਤਰ ਨਾ-ਕੇਵਲ ਪੰਜਾਬੀਅਤ ਦੀ ਵਿਲੱਖਣ ਪਛਾਣ ਦਾ ਆਧਾਰ ਬਣਦੇ ਹਨ ਸਗੋਂ ਇਸ ਪਛਾਣ ਨੂੰ ਸਥਾਪਤ ਵੀ ਕਰਦੇ ਹਨ। ਇਨ੍ਹਾਂ ਸੂਤਰਾਂ ਨੂੰ ਅੰਗੀਕਾਰ ਕਰਕੇ ਹੀ ਪੰਜਾਬੀਅਤ

ਅਸਲ ਅਰਥਾਂ ਵਿਚ ਪੰਜਾਬੀਅਤ ਬਣਦੀ ਹੈ ਜੋ ਪੰਜਾਬੀ ਭਾਈਚਾਰੇ ਨੂੰ ਵਿਸ਼ਵ ਦੇ ਵਿਭਿੰਨ ਭਾਈਚਾਰਿਆਂ ਵਿਚੋਂ ਵਿਲੱਖਣ ਅਸਤਿਤਵੀ ਗੁਣਾਂ ਦਾ ਧਾਰਨੀ ਬਣਾਉਂਦੀ ਹੈ ਤੇ ਜਿਸ ਦੀ ਵਿਸ਼ਵ ਵਿਚ ਆਪਣੀ ਵੱਖਰੀ ਪਛਾਣ ਬਣਦੀ ਹੈ। ਇਸ ਤਰ੍ਹਾਂ "ਗੁਰੂ ਸਾਹਿਬਾਨ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਜਿਹੜੀ ਵੰਨ-ਸੁਵੰਨਤਾ ਨੂੰ ਨਿਵਾਜਿਆ ਹੈ, ਉਸ ਵੰਨ-ਸੁਵੰਨਤਾ ਦਾ ਸਤਿਕਾਰ ਕਰਨਾ ਹੀ ਪੰਜਾਬੀਅਤ ਹੈ। ਧਰਮਾਂ, ਫਿਰਕਿਆਂ, ਜਾਤਾਂ, ਗੋਤਾਂ ਤੋਂ ਉੱਪਰ ਉੱਠ ਕੇ ਇੱਕ ਸਾਂਝੀ ਕੜੀ ਵਿਚ ਬੱਝਣ ਦਾ ਨਾਂ ਹੀ ਪੰਜਾਬੀਅਤ ਹੈ।"[3] ਜਿੱਥੇ ਕਿਤੇ ਇਸ ਸਾਂਝੀ ਕੜੀ ਵਿਚ ਕੋਈ ਤਿੜਕਣ ਪੈਦਾ ਹੁੰਦੀ ਹੈ, ਉੱਥੇ ਹੀ ਪੰਜਾਬੀਅਤ ਆਪਣੇ ਮੂਲ ਚਰਿੱਤਰ ਦੇ ਸਿਖਰਲੇ ਗਿਰਾਫ਼ ਤੋਂ ਹੇਠਾਂ ਖਿਸਕ ਜਾਂਦੀ ਹੈ। ਸਿਖ਼ਰਲੇ ਗਿਰਾਫ਼ 'ਤੇ ਬਣੇ ਰਹਿਣ ਲਈ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸੁਝਾਏ ਜੀਵਨ ਸੂਤਰਾਂ ਨੂੰ ਅੰਗੀਕਾਰ ਕਰਨਾ ਪੰਜਾਬੀਅਤ ਲਈ ਲਾਜ਼ਮੀ ਸ਼ਰਤ ਹੈ। ਇਨ੍ਹਾਂ ਸਿਧਾਂਤਕ ਸੂਤਰਾਂ 'ਤੇ ਉਸਰੀ ਪੰਜਾਬੀਅਤ ਧਰਮਾਂ ਤੇ ਸਭਿਆਚਾਰਾਂ ਦੀ ਵੰਡ ਨੂੰ ਪ੍ਰਵਾਨ ਨਹੀਂ ਕਰਦੀ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਵੱਲੋਂ ਉਚਾਰਿਆ ਪਵਿੱਤਰ ਬਚਨ 'ਨਾ ਕੋਈ ਹਿੰਦੂ ਨਾ ਮੁਸਲਮਾਨ...' ਪੰਜਾਬੀਅਤ ਦਾ ਪਹਿਲਾ ਪਛਾਣ-ਚਿੰਨ੍ਹ ਬਣਕੇ ਉੱਭਰਦਾ ਹੈ। ਪੰਜਾਬੀਅਤ ਦਾ ਦੂਜਾ ਪਛਾਣ-ਚਿੰਨ੍ਹ ਮਨੁੱਖਤਾ ਵਿਚ ਹਰ ਤਰ੍ਹਾਂ ਦੀ ਸਮਾਨਤਾ ਨੂੰ ਤਰਜ਼ੀਹ ਦੇਣ ਵਿਚੋਂ ਪੈਦਾ ਹੋ ਕੇ 'ਅਵਲ ਅੱਲਹੁ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ...' ਦਾ ਵਾਹਕ ਬਣਦਾ ਹੈ। ਪੰਜਾਬੀਅਤ ਦਾ ਤੀਜਾ ਪਛਾਣ-ਚਿੰਨ੍ਹ ਆਦਰ ਤੇ ਮਾਣ ਨਾਲ ਆਪ ਜਿਉਣ ਤੇ ਦੂਜਿਆਂ ਨੂੰ ਜਿਉਣ ਦੇਣ ਲਈ ਗੁਰਬਾਣੀ ਦੇ ਮਹਾਂਵਾਕ 'ਭੈ ਕਾਹੂ ਕੋ ਦੇਤਿ ਨਾਹਿ ਨਹਿ ਭੈ ਮਾਨਤ ਆਨ...' ਵਾਲੀ ਬਿਰਤੀ ਨੂੰ ਅੰਗੀਕਾਰ ਕਰਨ ਵਿਚ ਨਿਹਿਤ ਹੈ। ਪੰਜਾਬੀਅਤ ਦਾ ਚੌਥਾ ਪਛਾਣ-ਚਿੰਨ੍ਹ ਨੇਕ ਤੇ ਚੰਗੇ ਕੰਮਾਂ/ਆਦਰਸ਼ਾਂ ਦੀ ਸਿੱਧੀ ਲਈ ਜੂਝਣਾ ਤੇ ਇਥੋਂ ਤੱਕ ਕਿ ਜੂਝਦੇ-ਜੂਝਦੇ ਕੁਰਬਾਨ ਹੋ ਜਾਣ ਲਈ 'ਜਬ ਆਵ ਕੀ ਅਉਧ ਨਿਧਾਨ ਬਣੈ, ਅਤਿ ਹੀ ਰਣ ਮੈ ਤਬ ਜੂਝ ਮਰੋ' ਵਰਗੇ ਜੀਵਨ ਮਾਡਲ ਵਿਚੋਂ ਪਛਾਣਿਆ ਜਾ ਸਕਦਾ ਹੈ। ਪੰਜਾਬੀਅਤ ਦਾ ਪੰਜਵਾਂ ਪਛਾਣ-ਚਿੰਨ੍ਹ ਕਿਰਤ ਕਰਨ ਅਤੇ ਕਿਰਤ ਕਰਦਿਆਂ ਸਵੈਮਾਣ ਵਾਲਾ ਜੀਵਨ ਜਿਉਣ ਵਿਚ ਨਿਹਿਤ ਹੈ। ਇਸੇ ਕਰਕੇ ਪੰਜਾਬੀਅਤ ਗੁਰਬਾਣੀ ਦੇ ਮਹਾਂਵਾਕ 'ਬਾਰਿ ਪਰਾਇਆ ਬੈਸਣਾ ਸਾਂਈ ਮੁਝੈ ਨਾ ਦੇਹਿ, ਜੇ ਤੂੰ ਏਵੇ ਰਖਸੀ ਜੀਓ ਸਰੀਰਹੁ ਲੇਹਿ' ਵਿਚਲੇ ਜੀਵਨ ਆਦਰਸ਼ ਨੂੰ ਆਪਣੇ ਚਰਿੱਤਰ ਦਾ ਅੰਗ ਬਣਾਉਂਦੀ ਹੈ। ਇਉਂ ਪੰਜਾਬੀਅਤ ਦੇ ਮੂਲ ਚਰਿੱਤਰ ਨੂੰ ਸਮਝਣ ਅਤੇ ਇਸ ਦਾ ਅੰਗ ਬਣਨ ਲਈ ਗੁਰਬਾਣੀ ਵਿਚ ਸੁਝਾਏ ਗਏ ਜੀਵਨ ਸੂਤਰਾਂ ਨੂੰ ਸਮਝਣਾ ਅਤੇ ਆਪਣੇ ਜੀਵਨ ਦੀ ਵਿਹਾਰਕਤਾ ਦਾ ਅੰਗ ਬਣਾ ਕੇ 'ਸਚਿਆਚਾਰ' ਮਨੁੱਖ ਬਣਨ ਵਿਚ ਨਿਹਿਤ ਨਜ਼ਰ ਆਉਂਦਾ ਹੈ।

ਪੰਜਾਬੀਅਤ ਜਿੱਥੇ ਸਦੀਆਂ ਤੋਂ ਪੈਦਾ ਹੁੰਦੀਆਂ ਇਤਿਹਾਸਕ, ਭੂਗੋਲਿਕ, ਸਾਂਸਕ੍ਰਿਤਕ ਤੇ ਅਧਿਆਤਮਕ ਸਥਿੱਤੀਆਂ ਵਿਚੋਂ ਵਿਕਸਦੀ ਬਾਹਰੀ ਪੱਧਰ 'ਤੇ ਉਸਾਰੂ ਜੀਵਨ-ਮਾਡਲ ਵਜੋਂ ਦ੍ਰਿਸ਼ਟੀਗੋਚਰ ਹੁੰਦੀ ਹੈ ਉੱਥੇ ਇਸ ਦੇ ਅੰਤਹਕਰਨ ਵਿਚ ਅਨੇਕ ਅੰਤਰ-ਵਿਰੋਧ ਵੀ ਨਜ਼ਰ ਆਉਂਦੇ ਹਨ। ਇਨ੍ਹਾਂ ਅੰਤਰ-ਵਿਰੋਧਾਂ ਦੀ ਹੋਂਦ ਨੂੰ ਬੇਸ਼ੱਕ ਵੱਡਾ ਪੰਜਾਬੀ ਜਨ-ਸਮੂਹ ਨਕਾਰਦਾ ਆਇਆ ਹੈ ਪਰੰਤੂ ਸਮੇਂ-ਸਮੇਂ 'ਤੇ ਇਹ ਅੰਤਰ-ਵਿਰੋਧ ਫਿਰਕੂ ਸੰਕੀਰਣਤਾ, ਜ਼ਾਤੀਗਤ ਹੈਂਕੜ ਤੇ ਜ਼ਾਤ-ਪਾਤੀ ਵਿਤਕਰਿਆਂ ਆਦਿ ਦੇ ਰੂਪ ਵਿਚ ਹਾਜ਼ਰ ਰਹੇ ਹਨ। ਇਸ ਪ੍ਰਸੰਗ ਵਿਚ ਡਾ. ਕਰਨਜੀਤ ਸਿੰਘ ਤਾਂ ਇੱਥੋਂ ਲਿਖਦੇ ਹਨ ਕਿ ਪੰਜਾਬੀਅਤ ਦੀ ਭਾਵਨਾ ਨੇ ਸਾਡੀ ਚੇਤਨਾ ਅੰਦਰ ਅਜੇ ਜੜ੍ਹ ਹੀ ਨਹੀਂ ਫੜ੍ਹੀ ਜਾਪਦੀ। ਇਹ ਭਾਵਨਾ ਇਕ ਕੌਮੀਅਤ ਦੀ ਭਾਵਨਾ ਹੈ ਅਤੇ ਰਾਜਨੀਤਕ ਚੇਤੰਨਤਾ ਇਸ ਦੀ ਵੱਡੀ ਪਛਾਣ ਹੈ। ਇਸ ਹਕੀਕੀ ਸਮੱਸਿਆ ਨੂੰ ਵਿਗਿਆਨਕ ਸਮਝ ਨਾਲ ਪਛਾਣਨ ਦੀ ਥਾਂ ਇਸ ਉੱਤੇ ਭਾਵੁਕਤਾ ਦਾ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸੱਚ ਤਾਂ ਇਹ ਹੈ ਕਿ ਅਸੀਂ ਧਰਮ ਦੇ ਅੰਦਰਵਾਰ ਦੀਆਂ ਜਾਤਪਾਤੀ ਜਕੜਾਂ ਤੋਂ ਵੀ ਅਜੇ ਮੁਕਤ ਨਹੀਂ ਹੋਏ ਜੋ ਆਤਮਕ ਏਕਤਾ, ਆਜ਼ਾਦੀ, ਬਰਾਬਰੀ ਤੇ ਭਰਾਤਰੀ ਭਾਵ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਹਨ।[4] ਅਸਲ ਵਿਚ ਸਮੁੱਚੇ ਪੰਜਾਬੀ ਭਾਈਚਾਰੇ ਨੇ ਰੂਹ ਨਾਲ ਗੁਰੂ ਸਾਹਿਬਾਨ ਵੱਲੋਂ ਦਿੱਤੇ ਸਰਬ ਸਾਂਝੀਵਾਲਤਾ ਤੇ ਭਾਈਚਾਰਕ ਸਾਂਝ ਦੇ ਸੂਤਰਾਂ ਨੂੰ ਅੰਗੀਕਾਰ ਨਹੀਂ ਕੀਤਾ ਜਿਸ ਕਰਕੇ ਪੰਜਾਬੀ ਕੌਮ ਦਾ ਇਕ ਹਿੱਸਾ ਆਪਣੇ ਅੰਦਰੋਂ ਜ਼ਾਤ, ਲਿੰਗ, ਧਰਮ, ਰੰਗ ਤੇ ਨਸਲ ਦੇ ਆਧਾਰ 'ਤੇ ਕੀਤੇ ਜਾਂਦੇ ਵਿਤਕਰਿਆਂ ਨੂੰ ਖਾਰਜ ਨਹੀਂ ਕਰ ਸਕਿਆ। ਇਹੋ ਵਜ੍ਹਾ ਹੈ ਕਿ ਬਾਹਰੋਂ ਬੜ੍ਹੀ ਨਿੱਗਰ ਦਿਸਦੀ ਪੰਜਾਬੀਅਤ ਅੰਦਰੋਂ ਅਨੇਕ ਤਰ੍ਹਾਂ ਦੇ ਅੰਤਰ-ਵਿਰੋਧਾਂ ਅਤੇ ਅੰਤਰ-ਭੇੜਾਂ ਨਾਲ ਦਿਨੋ-ਦਿਨ ਖੋਖਲੀ ਹੁੰਦੀ ਜਾ ਰਹੀ ਹੈ। ਇਨ੍ਹਾਂ ਅੰਤਰ-ਵਿਰੋਧਾਂ ਅਤੇ ਅੰਤਰ-ਭੇੜਾਂ ਕਾਰਨ ਸੰਕਟ ਭੋਗਦੇ ਤੇ ਹਾਸ਼ੀਏ 'ਤੇ ਧੱਕੇ ਵੱਡੇ ਪੰਜਾਬੀ ਜਨ-ਸਮੂਹ ਦੇ ਪ੍ਰਤੀਰੋਧ ਨੂੰ 'ਨਾਬਰਾਂ ਦੀ ਇਬਾਰਤ' ਕਾਵਿ ਪੁਸਤਕ ਵਿਚ ਰਾਜ਼ਿਸਟਰ ਕੀਤਾ ਗਿਆ ਹੈ।

ਗੁਰੂ ਸਾਹਿਬਾਨ ਵੱਲੋਂ ਦਿੱਤੇ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਦੇ ਜੀਵਨ-ਸਿਧਾਂਤ ਤੋਂ ਜਦੋਂ ਅਖੌਤੀ ਉੱਚ-ਜਾਤੀ ਹੈਂਕੜ ਅਤੇ ਰੰਗ-ਨਸਲ ਦੇ ਭੇਦਭਾਵ ਵਿਚ ਜਕੜਿਆ ਪੰਜਾਬੀ ਭਾਈਚਾਰਾ ਮੁਨਕਰ ਹੁੰਦਾ ਹੈ ਤਾਂ ਪੰਜਾਬੀਅਤ ਦਾ ਕੇਂਦਰੀ ਧੁਰਾ ਬਣਿਆ 'ਸਰਬ ਸਾਂਝੀਵਾਲਤਾ' ਦਾ ਸੰਕਲਪ ਵੀ ਵਿਗਠਿਤ ਹੋ ਜਾਂਦਾ ਹੈ। ਅਜਿਹੀ ਵਿੰਡਬਣਾਕਾਰੀ ਸਥਿੱਤੀ ਵਿਚ ਸਦੀਆਂ ਤੋਂ ਦੁਰਕਾਰੇ ਤੇ ਦਬਾਏ ਜਾਂਦੇ ਰਹੇ ਲੋਕ ਜਿਨ੍ਹਾਂ ਨੂੰ ਸੋਚੀ ਸਮਝੀ ਸ਼ਾਜਿਸ਼ ਤਹਿਤ ਜ਼ਬਰਦਸਤੀ ਅਖੌਤੀ ਨੀਵੀਂਆਂ ਜਾਤੀਆਂ ਤੇ ਚੌਥੇ ਵਰਣ ਵਿਚ ਸ਼ਾਮਲ ਕਰ ਦਿੱਤਾ ਗਿਆ ਤੇ ਉਨ੍ਹਾਂ ਨੂੰ ਨਰਕ ਵਰਗੀ ਜੂਨ ਕੱਟਣ ਲਈ ਮਜ਼ਬੂਰ ਕੀਤਾ ਗਿਆ। ਸਮਾਜ ਵਿਚ ਹਰ ਪੱਧਰ

ਦੀ ਸਮਾਨਤਾ ਲਈ ਗੁਰੂ ਸਾਹਿਬਾਨ ਨੇ ਪੰਜਾਬੀਅਤ ਦੀ ਨੀਂਹ ਰੱਖਦਿਆਂ ਭਾਰਤੀ ਵਰਣ ਵਿਵਸਥਾ ਤੇ ਜਾਤਪਾਤ ਦੀ ਚੀੜ੍ਹੀ ਸੰਸਥਾ ਨੂੰ ਮੁੱਢੋਂ ਰੱਦ ਕਰਦਿਆਂ 'ਏਕ ਨੂਰ ਤੇ ਸਭ ਜਗੁ ਉਪਜਿਆ' ਦਾ ਸੰਦੇਸ਼ ਦਿੱਤਾ ਸੀ ਪ੍ਰੰਤੂ ਇਸਦੇ ਬਾਵਜੂਦ ਇਹ ਵਰਤਾਰਾ ਥੋੜੇ-ਬਹੁਤੇ ਫਰਕ ਨਾਲ ਅੱਜ ਤੱਕ ਪੰਜਾਬੀ ਸਮਾਜ ਵਿੱਚ ਬਾਦਸਤੂਰ ਜਾਰੀ ਹੈ ਜਾਂ ਜਾਣ ਬੁੱਝ ਕੇ ਮਾਨਵ ਦੋਖੀ ਧਿਰਾਂ ਨੇ ਜਾਰੀ ਰੱਖਿਆ ਹੋਇਆ ਹੈ। ਇਸ ਵਰਤਾਰੇ ਦਾ ਸ਼ਿਕਾਰ ਹੁੰਦੇ ਤੇ ਮਾਨਸਿਕ ਸੰਕਟ ਭੋਗਦੇ ਪੰਜਾਬੀ ਜਨ-ਸਮੂਹ ਅੰਦਰ ਇਸ ਵਿਰੁੱਧ ਅਕ੍ਰੋਸ਼ ਪੈਦਾ ਹੁੰਦਾ ਹੈ। ਇਹ ਅਕ੍ਰੋਸ਼ ਆਪਣੇ ਹੱਕਾਂ ਦੀ ਬਹਾਲੀ ਅਤੇ ਸਮਾਜਿਕ ਸਮਾਨਤਾ ਲਈ ਹੈ। ਇਸ ਅਕ੍ਰੋਸ਼ ਵਿਚਲੇ ਵਿਵੇਕ ਨੂੰ ਸਮਝਣ ਲਈ ਮਦਨ ਵੀਰਾ ਦੀ ਕਵਿਤਾ 'ਮੁਨਕਰ ਬੋਲਾਂ ਦੀ ਮੁਹਾਰਨੀ' ਨੂੰ ਪੜ੍ਹਿਆ ਜਾ ਸਕਦਾ ਹੈ:

ਐਨੀ ਹੈ ਅੱਗ
ਕਿ ਪਿਘਲਾ ਦਈਏ ਸਾਰੀ ਧਰਤੀ
ਲਾਵੇ ਵਾਂਗ ਢਾਲ ਦਈਏ
ਟਾਪੂ ਤੇ ਜਜ਼ੀਰੇ
ਐਨਾ ਹੈ ਸੇਕ
ਕਿ ਉਬਾਲ ਦਈਏ ਸਮੁੰਦਰ
ਕਣ-ਕਣ ਕਰਕੇ
ਸੋਕ ਲਈਏ ਦਰਿਆ ਤੇ ਝੀਲਾਂ
ਐਨੀ ਹੈ ਭੜਾਸ
ਕਿ ਤਿੜਕ ਜਾਣ ਪਰਬਤ
ਪੱਚਰ ਪੱਚਰ ਪਾਟ ਜਾਣ ਪੱਥਰ
ਐਨਾ ਹੈ ਰੋਸ
ਕਿ ਭਸਮ ਹੋ ਜਾਏ ਹਰਿਆਲੀ
ਰਾਖ ਹੋ ਜਾਣ ਜੰਗਲ
ਸੋ ਇਹ ਅੱਗ
ਉਨ੍ਹਾਂ ਲੋਕਾਂ ਦੇ ਨਾਂ
ਜਿਨ੍ਹਾਂ ਨੇ ਕਿਰਤ ਦਾ ਅਪਮਾਨ ਕੀਤਾ
ਸਾਨੂੰ ਬੇਨਾਮ ਕੀਤਾ
ਇਹ ਸੇਕ

ਉਨਾਂ ਲੋਕਾਂ ਲਈ
ਜਿਹੜੇ ਬੋਹਲਾਂ ਦੀ ਰਾਖੀ
ਬੱਕਰੇ ਬਿਠਾਉਂਦੇ ਨੇ
ਤੇ ਭਾਈ ਲਾਲੋ ਨੂੰ ਪੰਗਤ ’ਚੋਂ ਉਠਾਉਂਦੇ ਨੇ
ਇਹ ਭੜਾਸ ਉਨ੍ਹਾਂ ਲੋਕਾਂ ਲਈ
ਜਿਨ੍ਹਾਂ ਸਾਵੀਂ ਤੇ ਸਾਂਝੀ ਜ਼ਿੰਦਗੀ ਦਾ
ਸੁਪਨਾ ਲਤਾੜਿਆ
ਵੰਡਿਆ ਤੇ ਪਾੜਿਆ
ਇਹ ਰੋਸ
ਉਨ੍ਹਾਂ ਲੋਕਾਂ ਲਈ
ਜੋ ਅੰਬਰ ਨੂੰ ਨਿੱਜੀ ਛੱਤਰੀ ਬਣਾਉਂਦੇ ਨੇ
ਤੇ ਉੱਡਦੇ ਪੰਛੀਆਂ ਦੇ ਪੈਰ ਵਿੱਚ
ਜ਼ੰਜੀਰ ਪਾਉਂਦੇ ਨੇ (ਨਾਬਰਾਂ ਦੀ
ਇਬਾਰਤ, ਪੰਨਾ 14-15)

ਸਪੱਸ਼ਟ ਹੈ, ਇਹ ਅਕ੍ਰੋਸ਼ ਤੇ ਪ੍ਰਤੀਰੋਧ ਉਨ੍ਹਾਂ ਲੋਕਾਂ ਨੂੰ ਸੰਬੋਧਿਤ ਹੈ ਜਿਹੜੇ ਨਾ-ਕੇਵਲ ਪੰਜਾਬੀਅਤ ਨੂੰ ਅੰਦਰੋਂ ਅੰਦਰੀ ਖੋਰ ਰਹੇ ਹਨ ਸਗੋਂ ਪੰਜਾਬੀ ਸਮਾਜ-ਸਭਿਆਚਾਰ ਵਿੱਚ ਵੰਡੀਆਂ ਪਾ ਕੇ ਇਸ ਸੰਕਟ ਨੂੰ ਹੋਰ ਡੂੰਘਾ ਕਰ ਰਹੇ ਹਨ। ਇਹ ਉਹੀ ਲੋਕ ਹਨ ਜਿਹੜੇ ਜਾਤੀਗਤ ਹਉਮੈ ਵਿੱਚ ਗ੍ਰੱਸੇ ਨਾ-ਕੇਵਲ ਪੰਜਾਬੀਅਤ ਦੇ ਅਲੰਬੜਦਾਰ ਹੋਣ ਦਾ ਭਰਮ ਪਾਲਦੇ ਹਨ ਸਗੋਂ ਜ਼ਬਰਦਸਤੀ ਗੁਰੂ ਸਾਹਿਬਾਨ ਦੇ ਵਾਰਸ ਬਣ ਕੇ ਮਨੁੱਖਤਾ ਦੇ ਸੇਵਾਦਾਰ ਹੋਣ ਦਾ ਦੰਭ ਵੀ ਕਰਦੇ ਹਨ।

‘ਸ੍ਰੀ ਗੁਰੂ ਗ੍ਰੰਥ ਸਾਹਿਬ’ ਵਿੱਚ ਸ਼ਾਮਲ ਸਮੁੱਚੇ ਬਾਣੀਕਾਰਾਂ ਵੱਲੋਂ ਵਰੋਸਾਈ ਪੰਜਾਬੀਅਤ ਮਾਨਵਤਾ ਦੇ ਕਲਿਆਣ ਲਈ ਭਾਰਤੀ ਵਰਣ-ਵਿਵਸਥਾ ਤੇ ਜਾਤਪਾਤੀ ਵੰਡ ਪ੍ਰਣਾਲੀ ਨੂੰ ਨਾ-ਕੇਵਲ ਮਾਨਵਤਾ ਲਈ ਘਾਤਕ ਸਿੱਧ ਕਰਦੀ ਹੈ ਸਗੋਂ ਇਸ ਨੂੰ ਅਮਾਨਵੀ ਵਰਤਾਰਾ ਗਰਦਾਨਦੀ ਹੋਈ, ਇਸ ਨੂੰ ਮਨੁੱਖੀ ਸਮਾਜ-ਸਭਿਆਚਾਰ ਵਿੱਚੋਂ ਜੜੋਂ ਖ਼ਤਮ ਕਰਨ ਲਈ ‘ਅਵਲਿ ਅੱਲ੍ਹਹੁ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ, ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ’ ਦੀ ਵਾਹਕ ਬਣਦੀ ਹੈ ਅਤੇ ਗੁਰੂ ਸਾਹਿਬਾਨ ਵੱਲੋਂ ਸਮਾਜਕ ਬਰਾਬਰਤਾ ਲਈ ਸਥਾਪਿਤ ਕੀਤੀਆਂ ਸੰਗਤ ਤੇ ਪੰਗਤ ਵਰਗੀਆਂ ਵਿਵਸਥਾਵਾਂ ਵਿਚਲੇ ਮਨੁੱਖੀ ਸਮਾਨਤਾ ਵਾਲੇ ਜੀਵਨ-ਮਾਡਲ ਨੂੰ ਗ੍ਰਹਿਣ ਵੀ ਕਰਦੀ ਹੈ। ਸਥਿੱਤੀ ਦਾ ਯਥਾਰਥ ਇਹ

ਹੈ ਕਿ ਪੰਜਾਬੀ ਸਮਾਜ ਦੇ ਇੱਕ ਵਿਸ਼ੇਸ਼ ਜਨ-ਸਮੂਹ (ਜੋ ਆਪਣੇ ਆਪ ਨੂੰ ਅਖੌਤੀ ਉੱਚ ਵਰਣ, ਉੱਚ ਜਾਤੀ ਵਿੱਚੋਂ ਸਮਝਦਾ ਹੋਣ ਕਰਕੇ ਧਰਮ ਤੇ ਪੰਜਾਬੀਅਤ ਦਾ ਵੀ ਠੇਕੇਦਾਰ ਹੋਣ ਦਾ ਦਮ ਭਰਦਾ ਹੈ) ਨੇ ਪੰਜਾਬੀਅਤ ਦੇ ਇਸ ਕਲਿਆਣਕਾਰੀ ਜੀਵਨ-ਮਾਡਲ ਨੂੰ ਅਮਲੀ ਰੂਪ ਵਿੱਚ ਜੀਵਨ ਦਾ ਆਧਾਰ ਨਹੀਂ ਬਣਾਇਆ ਸਗੋਂ ਨਿਮਾਣਿਆਂ, ਨਿਤਾਣਿਆਂ ਨੂੰ ਹੋਰ ਦੁਰਕਾਰਿਆ ਤੇ ਦਬਾਇਆ ਹੈ। ਇਸ ਜਨ-ਸਮੂਹ ਵੱਲੋਂ ਕੀਤੇ ਜਾਂਦੇ ਅਜਿਹੇ ਗ਼ੈਰ-ਮਨੁੱਖੀ ਵਿਵਹਾਰ ਪ੍ਰਤੀ ਵਰਣ ਤੇ ਜਾਤ ਦੇ ਆਧਾਰ ’ਤੇ ਲਤਾੜੇ ਤੇ ਦੁਰਕਾਰੇ ਜਾ ਰਹੇ ਮਨੁੱਖੀ ਸਮੂਹ ਦਾ ਪ੍ਰਤੀਕਰਮ ਪ੍ਰਤੀਰੋਧੀ ਸੁਰ ਵਾਲਾ ਹੋਣਾ ਲਾਜ਼ਮੀ ਹੈ। ਇਹ ਹਾਸ਼ੀਏ ’ਤੇ ਧੱਕਿਆ ਪੰਜਾਬੀ ਮਨੁੱਖੀ ਸਮੂਹ ਆਪਣੀ ਪਛਾਣ ਕਿਸੇ ਜ਼ਾਤ ਜਾਂ ਵਰਣ ਨਾਲ ਜੋੜ ਕੇ ਨਹੀਂ ਰੱਖਣਾ ਚਾਹੁੰਦਾ ਸਗੋਂ ‘ ਅਵਲ ਅੱਲਹੁ ਨੂਰ ਉਪਾਇਆ’ ਦੇ ਗੁਰਮਤਿ ਸਿਧਾਂਤ ਅਨੁਸਾਰ ਮਹਿਜ ਇੱਕ ਮਨੁੱਖ ਵਜੋਂ ਪਛਾਣਿਆ ਜਾਣਾ ਲੋਚਦਾ ਹੈ। ਮਨੁੱਖ ਨੂੰ ਮਨੁੱਖ ਵਜੋਂ ਨਾ ਪਛਾਣਨ ਵਾਲੇ ਲੋਕਾਂ ਵਿਰੁੱਧ ਇਸ ਮਨੁੱਖੀ ਸਮੂਹ ਦਾ ਹੁੰਗਾਰਾ ਫਿਰ ਪ੍ਰਤੀਰੋਧ ਵਾਲਾ ਹੋ ਜਾਂਦਾ ਹੈ। ਇਸ ਪ੍ਰਤੀਰੋਧ ਨੂੰ ਵਿਚਾਰਧਾਰਕ ਦ੍ਰਿਸ਼ਟੀ ਤੋਂ ਮਦਨ ਵੀਰਾ ਨੇ ਆਪਣੇ ਕਾਵਿ ਵਿੱਚ ਥਾਂ ਪਰ ਥਾਂ ਦਰਜ ਕੀਤਾ ਹੈ। ਇਸ ਪ੍ਰਸੰਗ ਵਿੱਚ ਉਸ ਦੀ ਕਵਿਤਾ ‘ਸਾਲਮ ਸਬੂਤੇ ਦੀ ਕਥਾ’ ਨੂੰ ਪੜ੍ਹਿਆ ਜਾ ਸਕਦਾ ਹੈ:

ਭੁੱਖ ਦੀ ਗੱਲ ਹੋਈ
ਕਈਆਂ ਦੇ ਪੇਟ ਖਾਲੀ ਦਿਸੇ
ਨੰਗ ਦਾ ਜ਼ਿਕਰ ਹੋਇਆ
ਨੰਗ-ਧੜੰਗੇ ਅੱਗੇ ਆ ਗਏ
ਰੋਜੀ ਦੀ ਗੱਲ ਛੇੜੀ
ਤਾਂ ਬੇਰੁਜ਼ਗਾਰਾਂ ਦੀ ਮੀਲਾਂ ਲੰਬੀ ਕਤਾਰ ਸੀ
ਛੱਤ ਦਾ ਫ਼ਿਕਰ ਹੋਇਆ
ਤਾਂ ਫੁੱਟਪਾਥਾਂ ਦੀ ਰੌਣਕ ਸੀ
ਮੇਰੀ ਹਰ ਗੱਲ ਦਾ ਜਵਾਬ
ਮੇਰੇ ਸਾਹਮਣੇ ਸੀ
ਸਵਾਲਾਂ ਦੇ ਤੀਰ
ਜਦ ਮੇਰੇ ਆਰ-ਪਾਰ ਸਨ
ਤਾਂ ਮੈਂ ਅੰਨ੍ਹੇ ਜੋਸ਼ ਵਿੱਚ ਕਿਹਾ
‘ਮੈਂ ਵੀ ਤੁਹਾਡੇ ’ਚੋਂ ਹਾਂ

ਤੁਹਾਡਾ ਆਪਣਾ
ਮੈਨੂੰ ਵੀ ਆਪਣੀਆਂ ਸਫ਼ਾਂ 'ਚ
ਸ਼ਾਮਿਲ ਕਰੋ....'
ਉਹ ਬੋਲੇ
'ਪਹਿਲਾਂ ਇਹ ਦੱਸ
ਤੂੰ ਸਿਰ ਏਂ ਜਾਂ ਧੜ
ਲੱਤਾਂ ਏਂ ਜਾਂ ਪੈਰ...'
ਮੈਂ ਕਹਿੰਦਾ ਰਿਹਾ
'ਮੈਂ ਮਨੁੱਖ ਹਾਂ ਤੁਹਾਡੇ ਵਰਗਾ ਮਨੁੱਖ
ਪਰ ਸਿਰ ਨਹੀਂ ਹਾਂ
ਮਨੁੱਖ ਹਾਂ-ਪਰ ਧੜ ਨਹੀਂ ਹਾਂ
ਨਾ ਲੱਤਾਂ ਹਾਂ ਨਾ ਪੈਰ ਹੀ...'
ਮੈਂ ਚੀਕਦਾ ਹਾਂ
ਅੰਨ੍ਹੇ ਖੂਹ 'ਚੋਂ
ਹੁੰਗਾਰਾ ਉਡੀਕਦਾ ਹਾਂ
ਪਰ ਸ਼ੁੱਧ ਸੰਸਕ੍ਰਿਤੀ ਦੇ ਵਾਹਕ
ਮਨੂੰ ਦੇ ਉਪਾਸ਼ਕ
ਗੁਰੂ ਸਾਹਿਬਾ ਦੇ ਵਾਰਿਸ
ਅਣਡਿੱਠ ਕਰਦੇ ਨੇ ਮੇਰੀ ਹੋਂਦ
ਮੇਰੀ ਹਾਕ
ਅੱਵਲ ਅੱਲ੍ਹਾ ਵਾਲੇ
ਕਬੀਰ ਦੇ ਬੋਲ
ਹੁੰਦੇ ਨੇ ਚਾਕ ਚਾਕ

(ਨਾਬਰਾਂ ਦੀ ਇਬਾਰਤ, ਪੰਨਾ 48-49)

ਪੰਜਾਬੀਅਤ ਜ਼ਾਤ, ਧਰਮ, ਰੰਗ, ਨਸਲ ਤੇ ਲਿੰਗ ਦੇ ਆਧਾਰ 'ਤੇ ਭੇਦ-ਭਾਵ ਕਰਨ ਦਾ ਨਾਂ ਨਹੀਂ ਸਗੋਂ ਇਸ ਸਭ ਤੋਂ ਉੱਪਰ ਉੱਠ ਕੇ 'ਸਭੇ ਸਾਂਝੀਵਾਲ ਸਦਾਇਨ..' ਦਾ ਨਾਂ ਹੈ। ਇਸੇ ਕਰਕੇ ਮਦਨ ਵੀਰਾ ਦੀ ਕਵਿਤਾ ਹਾਸ਼ੀਏ 'ਤੇ ਧੱਕੇ ਗਏ ਵਰਗ ਦੀ ਆਵਾਜ਼ ਬਣ ਕੇ ਹਰ ਪ੍ਰਕਾਰ ਦੇ ਭੇਦ-ਭਾਵ ਵਿਰੁੱਧ ਪ੍ਰਤੀਰੋਧ ਸਿਰਜਦੀ ਹੋਈ ਗੁਰੂ ਸਾਹਿਬਾਨ ਵੱਲੋਂ ਸਿਰਜੀ

ਪੰਜਾਬੀਅਤ ਦੀ ਬਹਾਲੀ ਲਈ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ। ਇਹ ਕਵਿਤਾ ਪੰਜਾਬੀਅਤ ਦੀਆਂ ਦੋਖੀ ਧਿਰਾਂ ਅੱਗੇ ਗੋਡੇ ਟੇਕਣ ਹਿੱਤ ਪੰਜਾਬੀਅਤ ਵਿਚਲੇ ਅੰਤਰ-ਵਿਰੋਧਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰਦੀ ਸਗੋਂ ਇਨ੍ਹਾਂ ਨੂੰ ਸੰਬੋਧਿਤ ਹੁੰਦੀ ਹੋਈ ਇਨ੍ਹਾਂ ਨੂੰ ਪੰਜਾਬੀਅਤ ਵਿਚੋਂ ਖਾਰਜ ਕਰਨ ਲਈ ਰਾਹ ਦਸੇਰਾ ਵੀ ਬਣਦੀ ਹੈ।

ਪੰਜਾਬੀ ਸਮਾਜ-ਸਭਿਆਚਾਰ ਵਿੱਚ ਜ਼ਾਤ ਅਤੇ ਲਿੰਗ ਦੇ ਆਧਾਰ ’ਤੇ ਔਰਤ ਨਾਲ ਹੁੰਦੇ ਵਿਤਕਰੇ ਤੇ ਸ਼ੋਸ਼ਣ ਵੀ ਪੰਜਾਬੀਅਤ ਲਈ ਨਮੋਸ਼ੀ ਵਾਲਾ ਮਸਲਾ ਹੈ। ਗੁਰੂ ਨਾਨਕ ਸਾਹਿਬ ਦੁਆਰਾ ਕੀਤੇ ਬਚਨ ‘ਸੋ ਕਿਉ ਮੰਦਾ ਆਖੀਐ ਜਿਤੁ ਜਨਮਿ ਰਾਜੁਨ’ ਰਾਹੀਂ ਨਾਰੀ ਨੂੰ ਦਿੱਤਾ ਮਾਨ ਤੇ ਸਨਮਾਨ ਪੰਜਾਬੀਅਤ ਦੀ ਪਛਾਣ ਦਾ ਅਹਿਮ ਆਧਾਰ ਹੈ। ਇਸ ਦੇ ਬਾਵਜੂਦ ਪੰਜਾਬੀ ਨਾਰੀ ਅਨੇਕ ਤਰ੍ਹਾਂ ਦੇ ਵਿਤਕਰਿਆਂ ਤੇ ਸ਼ੋਸ਼ਣਾਂ ਦਾ ਸ਼ਿਕਾਰ ਹੁੰਦੀ ਹੈ। ਮਦਨ ਵੀਰਾ ਦੀ ਕਵਿਤਾ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਪੰਜਾਬੀ ਨਾਰੀ ਨੂੰ ਵਿਤਕਰਿਆਂ ਤੇ ਸ਼ੋਸ਼ਣਾਂ ਅੱਗੇ ਹਾਰੀ ਹੋਈ ਪੇਸ਼ ਨਹੀਂ ਕਰਦੀ ਸਗੋਂ ਇਹਨਾਂ ਦਾ ਡੱਟ ਕੇ ਮੁਕਾਬਲਾ ਕਰਨ ਲਈ ਪੰਜਾਬੀਅਤ ਦਾ ਮਾਣ ਬਣੀਆਂ ‘ਮਾਈ ਭਾਗੋ’ ਵਰਗੀਆਂ ਮਹਾਨ ਔਰਤਾਂ ਦੇ ਮਜ਼ਬੂਤ ਇਰਾਦਿਆਂ ਵਿਚਲੇ ਵਿਵੇਕ ਨੂੰ ਪਛਾਣਨ ਲਈ ਪ੍ਰੇਰਣਾ ਦਿੰਦੀ ਹੈ। ਇਹ ਵਿਵੇਕ ਪੰਜਾਬੀਅਤ ਦਾ ਕੇਂਦਰੀ ਨੁਕਤਾ ਹੈ ਜੋ ਪੰਜਾਬੀ ਔਰਤ ਦੇ ਅਸਤਿਤਵੀ ਪਾਸਾਰਾਂ ਦਾ ਆਧਾਰ ਬਣਦਾ ਹੈ। ਇਸ ਪ੍ਰਸੰਗ ਵਿੱਚ ਮਦਨ ਵੀਰਾ ਦੀ ਕਵਿਤਾ ‘ਪਨਾਹ’ ਨੂੰ ਮਿਸਾਲ ਵਜੋਂ ਪੜ੍ਹਿਆ ਜਾ ਸਕਦਾ ਹੈ:

ਤੂੰ ਭਰੀ ਪਰ੍ਹੇ ’ਚ ਬੇਪੱਤ ਹੋਈ
ਕੋਈ ਪੁੱਤਰ ਵਧੂ ਨਹੀਂ
ਨਾ ਤੈਨੂੰ ਕਿਸੇ ਜੂਏ ’ਚ ਹਾਰਿਆ ਏ
ਨਾ ਜਿੱਤਿਆ ਹੀ
ਤੂੰ ਤਾਂ ਭੇੜੀਏ ਦੇ ਪੰਜਿਆਂ ’ਚੋਂ ਪੁਰਜਾ-ਪੁਰਜਾ ਹੋਣੋਂ ਬਚੀ
ਧਰਤੀ ਦੀ ਧੀ ਏਂ
ਬੀਬੀ ਤੂੰ ਉੱਠ
ਸੰਭਾਲ ਆਪਣੇ ਆਪ ਨੂੰ
ਗਿਣ ਆਪਣੇ ਜਖ਼ਮ
ਤਾਂ ਕਿ ਕਰ ਸਕੇਂ ਲੇਖਾ…
ਤੂੰ ਨਹੀਂ ਕੇਰੇਂਗੀ ਅੱਥਰੂ
ਨਹੀਂ ਰੋਏਂਗੀ

ਕੋਈ ਖੂਹ ਖਾਤਾ ਗੰਦਾ ਨਹੀਂ ਕਰੇਂਗੀ
ਨਹੀਂ ਰੰਗੇਂਗੀ ਰੇਲ ਦੀ ਪਟੜੀ
ਆਪਣੇ ਲਹੂ ਨਾਲ
ਕਮਲੀਏ ਤੂੰ ਉਹਨਾਂ ਦੀ ਧੀ ਏਂ
ਉਨ੍ਹਾਂ ਦੀ ਭੈਣ ਏਂ
ਜੋ ਦੁੱਖ ਦੇ ਹੱਥੋਂ
ਜੋ ਭੁੱਖ ਦੇ ਹੱਥੋਂ
ਸਿਤਮ ਤੋਂ ਜ਼ੁਲਮ ਤੋਂ ਭੈਭੀਤ ਹੋ ਕੇ
ਖੁਦਕੁਸ਼ੀ ਨਹੀਂ ਕਰਦੇ
ਸਲਫਾਸ ਖਾ ਕੇ ਨਹੀਂ ਮਰਦੇ
ਸਗੋਂ ਜਰਵਾਣਿਆਂ ਦਾ
ਮੌਤ ਦੇ ਵਣਜਾਰਿਆਂ ਦਾ
ਖੁਰਾ ਲੱਭਣ ਲਈ
ਪਨਾਹ ਜੰਗਲ 'ਚ ਲੈਂਦੇ ਨੇ
ਜੰਗਲ ਤੈਨੂੰ ਵੀ ਪਨਾਹ ਦਏਗਾ
ਤੇਰਾ ਵੀ ਆਸਰਾ ਬਣੇਗਾ

(ਨਾਬਰਾਂ ਦੀ ਇਬਾਰਤ, ਪੰਨਾ 41)

ਇਉਂ 'ਨਾਬਰਾਂ ਦੀ ਇਬਾਰਤ' ਕਾਵਿ-ਪੁਸਤਕ ਵਿਚਲੀ ਕਵਿਤਾ ਉਪਭਾਵਕ ਦ੍ਰਿਸ਼ਟੀ ਤੋਂ ਪੰਜਾਬੀਅਤ ਦਾ ਗੁਣਗਾਣ ਨਹੀਂ ਕਰਦੀ ਸਗੋਂ ਯਥਾਰਥਕ ਦ੍ਰਿਸ਼ਟੀ ਤੋਂ ਇਸ ਵਿਚਲੇ ਅੰਤਰ-ਵਿਰੋਧਾਂ ਦਾ ਕਟਾਖਸ਼ੀ ਸੁਰ ਵਿੱਚ ਪ੍ਰਵਚਨ ਸਿਰਜਦੀ ਹੈ। ਇਹਨਾਂ ਅੰਤਰ-ਵਿਰੋਧਾਂ ਨੂੰ ਪੰਜਾਬੀਅਤ ਵਿੱਚੋਂ ਖਾਰਜ ਕਰਨ ਲਈ ਦ੍ਰਿਸ਼ਟੀ ਵੀ ਪ੍ਰਦਾਨ ਕਰਦੀ ਹੋਈ ਇਹ ਕਵਿਤਾ ਨਾ-ਕੇਵਲ ਵੱਖਰੀ ਵਿਧੀ ਦੀ ਧਾਰਨੀ ਬਣਦੀ ਹੈ ਸਗੋਂ ਨਵੀਂ ਪੰਜਾਬੀ ਕਵਿਤਾ ਦੀਆਂ ਅਗਲੇਰੀਆਂ ਸੰਭਾਵਨਾਵਾਂ ਨੂੰ ਤਲਾਸ਼ਦੀ ਵੀ ਨਜ਼ਰ ਆਉਂਦੀ ਹੈ। ਇਹ ਸੰਭਾਵਨਾਵਾਂ ਜਿੱਥੇ ਪੰਜਾਬੀ ਕਵਿਤਾ ਨੂੰ ਪੰਜਾਬੀਅਤ ਦੇ ਹਕੀਕੀ ਮੁੱਦਿਆਂ ਨਾਲ ਸੰਵਾਦ ਸਿਰਜਣ ਲਈ ਪ੍ਰੇਰਿਤ ਕਰਨਗੀਆਂ ਉੱਥੇ ਪੰਜਾਬੀਅਤ ਵਿਚਲੇ ਅੰਤਰ-ਵਿਰੋਧਾਂ ਤੇ ਅੰਤਰ-ਭੇੜਾਂ ਨੂੰ ਖਾਰਜ ਕਰਨ ਲਈ ਦ੍ਰਿਸ਼ਟੀ ਵੀ ਪ੍ਰਦਾਨ ਕਰਨਗੀਆਂ। ਇਨ੍ਹਾਂ ਅੰਤਰ-ਵਿਰੋਧਾਂ ਅਤੇ ਅੰਤਰ-ਭੇੜਾਂ ਦੀ ਅਣਹੋਂਦ ਵਿੱਚ ਹੀ ਗੁਰੂ ਸਾਹਿਬਾਨ ਵੱਲੋਂ ਸਿਰਜੀ ਪੰਜਾਬੀਅਤ ਅਮਲ ਵਿੱਚ ਆ ਸਕਦੀ ਹੈ ਤੇ ਸਰਬ ਸਾਂਝੀਵਾਲਤਾ

ਦੇ ਜੀਵਨ ਮਾਡਲ ਨੂੰ ਅੰਗੀਕਾਰ ਕਰਦੀ ਹੋਈ 'ਸਰਬੱਤ ਦੇ ਭਲੇ' ਲਈ ਮਨੁੱਖਤਾ ਨੂੰ ਲਾਮਬੰਦ ਕਰ ਸਕਦੀ ਹੈ।

## ਟਿੱਪਣੀਆਂ ਅਤੇ ਹਵਾਲੇ

1. ਡਾ. ਧਨਵੰਤ ਕੌਰ, ਪੰਜਾਬੀਅਤ : ਸੰਕਲਪ ਅਤੇ ਸਰੂਪ, ਪੰਨਾ i x
2. ਡਾ. ਦਰਸ਼ਨ ਸਿੰਘ, ਉਹੀ, ਪੰਨਾ 21-22
3. ਡਾ. ਰਵੀ ਰਵਿੰਦਰ, ਪੰਜਾਬੀਅਤ : ਵਰਤਮਾਨ ਅਤੇ ਭਵਿੱਖ (ਸੰਪਾ. ਗੁਰਜੀਤ ਕੌਰ), ਪੰਨਾ 22
4. ਡਾ. ਕਰਨਜੀਤ ਸਿੰਘ, ਪੰਜਾਬੀਅਤ : ਸੰਕਲਪ ਅਤੇ ਸਰੂਪ, ਪੰਨਾ 27